Surrey Schools
LEADERSHIP IN LEARNING

Tel: 604.596.7733
www.surreyschools.ca

# ਨਵੀਆਂ ਕਲਾਸਾਂ ਦੀ ਸਗੰਠਨਤਾ ਬਾਰੇ ਜਾਣਕਾਰੀ
## Class organization

ਨਵੀਆਂ ਕਲਾਸਾਂ ਦੀ ਸਗੰਠਨਤਾ ਕਿਸ ਤਰਾਂ ਕੀਤੀ ਜਾਂਦੀ ਹੈ, ਬਾਰੇ ਅਕਸਰ ਸਾਨੂੰ ਸਵਾਲ ਕੀਤੇ ਜਾਂਦੇ ਹਨ ।

ਬੱਚਿਆਂ ਨੂੰ ਨਵੀਆਂ ਕਲਾਸਾਂ ਵਿੱਚ ਕਿਨਾਂ ਪੱਖਾਂ ਨੂੰ ਮੁੱਦੇ ਨਜ਼ਰ ਰੱਖ ਕਿ ਦਰਜ ਕੀਤਾ ਜਾਂਦਾ ਹੈ, ਓਸਦਾ ਵੇਰਵਾ ਇਸ ਪ੍ਰਕਾਰ ਹੈ:

1. ਬੱਚੇ ਦੀ ਆਪਣੀ ਦਿਮਾਗੀ, ਸਮਾਜਿਕ ਅਤੇ ਮਾਨਸਿਕ ਹਾਲਤ
2. ਬੱਚੇ ਦੇ ਸਿੱਖਣ ਦਾ ਤੌਰ ਤਰੀਕਾ ਅਤੇ ਓਹਦੀਆਂ ਮਾਹਿਰਤਾਂ
3. ਬੱਚੇ ਦਾ ਆਪ ਜ਼ਿਮੇਵਾਰ ਬਣ ਕਿ ਸਕੂਲ ਦਾ ਕੰਮ ਕਰਨ ਦੀ ਆਦਿਤ
4. ਕਈ ਖਾਸ ਲੋੜਾਂ ਵਾਲੇ ਬੱਚਿਆਂ ਦਾ ਕਲਾਸ ਵਿੱਚ ਦਾਖਲਾ
5. ਕਈ ਬੱਚੇ ਇੱਕ ਦੂਜੇ ਨਾਲ ਰਲ ਕਿ ਸਕੂਲ ਦਾ ਕੰਮ ਨਹੀਂ ਕਰਦੇ
6. ਅਧਿਆਪਕ ਅਤੇ ਬੱਚਿਆਂ ਦੀ ਸਹੀ ਸਹੀ ਨਿਸਬਤ

ਇਹਨਾਂ ਕਾਰਣਾਂ ਨੂੰ ਮੁੱਖ ਰੱਖਕੇ, ਕੋਸ਼ਿਸ਼ ਹੁੰਦੀ ਹੈ ਕਿ ਸਾਰੀਆਂ ਕਲਾਸਾਂ ਹਰ ਤਰਾਂ ਨਾਲ ਬਰਾਬਰ ਹੋਣ । ਇਸ ਕਰਕੇ ਕਈ ਵਾਰ ਕਲਾਸਾਂ ਵੱਡੀਆਂ ਛੋਟੀਆਂ ਹੁੰਦੀਆਂ ਹਨ । ਕਈ ਵਾਰ ਕੁੱਝ ਵਿਦਿਆਰਥੀਆਂ ਨੂੰ ਕਈ ਕਾਰਣਾਂ ਕਰਕੇ ਇੱਕ ਹੀ ਕਲਾਸ ਵਿੱਚ ਰੱਖਿਆਂ ਜਾਂਦਾ ਹੈ, ਖਾਸ ਕਰ ਜਦੋਂ ਓਹਨਾਂ ਦੀਆਂ ਲੋੜਾਂ ਇੱਕ ਤਰਾਂ ਦੀਆਂ ਹੋਣ । ਇਹ ਵੀ ਅਕਸਰ ਜ਼ਰੂਰ ਹੁੰਦਾ ਹੈ ਕਿ ਲੜਕੇ ਅਤੇ ਲੜਕੀਆਂ ਦੀ ਹਰ ਕਲਾਸ ਵਿੱਚ ਬਰਾਬਰਤਾ ਹੋਵੇ । ਹਰ ਕਲਾਸ ਵਿੱਚ ਕੋਸ਼ਿਸ਼ ਹੁੰਦੀ ਹੈ ਕਿ ਲੀਡਰ ਟਾਈਪ ਦੇ ਬੱਚੇ ਵੀ ਹੋਣ ਅਤੇ ਸਮਾਜਿਕ ਤੌਰ ਨਾਲ ਵੀ ਇੱਕ ਦੂਜੇ ਨਾਲ ਮੇਲ ਖਾਂਦੇ ਹੋਣ । ਇਸ ਨਾਲ ਜਿਹੜੇ ਬੱਚੇ ਜ਼ਿਆਦਾ ਲੋੜ ਅੰਗਰੇਜ਼ੀ ਸਿੱਖਣ ਲਈ ਮਹਿਸੂਸ ਕਰਨ, ਓਹ ਵੀ ਧਿਆਨ ਵਿੱਚ ਰੱਖੇ ਜਾਂਦੇ ਹਨ ।

ਅਸੀਂ ਸਕੂਲਾਂ ਵਿੱਚ ਬੱਚਿਆਂ ਦੀ ਭਿੰਨਤਾ ਦੀ ਬਹੁਤ ਕਦਰ ਕਰਦੇ ਹਾਂ । ਇਸ ਲਈ ਓਹ ਬੱਚੇ ਜਿਹਨਾਂ ਨੂੰ ਸਿੱਖਣ ਵਿੱਚ ਮੁਸ਼ਕਲਾਂ ਆਓਣ, ਜਿਵੇਂ ਕਿ ਠੀਕ ਨਾਂ ਸੁਣਨਾਂ, ਨਿਗਾਹ ਵਿੱਚ ਕਈ ਕਿਸਮ ਦੀਆਂ ਮੁਸ਼ਕਲਾਂ ਆਓਣ, ਓਹਨਾਂ ਨੂੰ ਵੀ ਧਿਆਨ ਵਿੱਚ ਰੱਖਣਾ ਪੈਂਦਾ ਹੈ । ਇਹਨ੍ਹਾਂ ਬੱਚਿਆਂ ਨੂੰ ਇੱਕ ਸਧਾਰਣ ਕਲਾਸ ਵਿੱਚ ਦਰਜ ਕਰ ਕਿ ਲੋੜ ਮੁਤਾਬਿਕ ਖਾਸ ਮਦਦ ਦਾ ਪ੍ਰਬੰਧ ਕੀਤਾ ਜਾਂਦਾ ਹੈ । ਇਹਨਾਂ ਬੱਚਿਆਂ ਲਈ ਅਕਸਰ ਖਾਸ ਸਿਖਲਾਈ ਦਿੱਤੇ ਗਏ ਅਧਿਆਪਕਾਂ ਰਾਹੀਂ ਮਦਦ ਕੀਤੀ ਜਾਂਦੀ ਹੈ ।

ਕਿਓਂਕਿ ਅਧਿਆਪਕ ਬੱਚਿਆਂ ਨੂੰ ਬਹੁਤ ਚੰਗੀ ਤਰਾਂ ਜਾਣ ਜਾਂਦੇ ਹਨ ਅਤੇ ਬੱਚਿਆਂ ਦੀ ਕਿਸ ਕਲਾਸ ਵਿੱਚ ਬੇਹਤਰੀ ਰਹੇਗੀ, ਨੂੰ ਮੁੱਖ ਰੱਖ ਕਿ ਨਵੀਆਂ ਕਲਾਸਾਂ ਬਣਾਓਣ ਵਿੱਚ ਕਾਫੀ ਸਮਾਂ ਲਗਾਦੇਂ ਹਨ । ਇਸ ਚੋਣ ਵਿੱਚ ਇਹ ਵੀ ਮੁੱਖ ਰੱਖਿਆਂ ਜਾਂਦਾ ਹੈ ਕਿ ਫਲਾਣੇ ਬੱਚੇ ਦੀਆਂ ਸਿੱਖਣ ਦੀਆਂ ਲੋੜਾਂ ਕੀ ਹਨ ਅਤੇ ਕਿਸ ਕਲਾਸ ਵਿੱਚ ਇਹ ਲੋੜਾਂ ਪੂਰੀਆਂ ਕੀਤੀਆਂ ਜਾ ਸਕਣਗੀਆਂ

ਇਸ ਵਿੱਚ ਕੋਈ ਸ਼ਕ ਨਹੀਂ ਕਿ ਅਕਸਰ ਮਾਪੇ ਸਕੂਲ ਨੂੰ ਬੱਚੇ ਦੀਆਂ ਸਮਾਜਿਕ ਲੋੜਾਂ ਬਾਰੇ ਕਾਫੀ ਜਾਣਕਾਰੀ ਦੇ ਸਕਦੇ ਹਨ ਅਤੇ ਮਾਪਿਆਂ ਨੂੰ ਚਾਹੀਦਾ ਵੀ ਹੈ ਕਿ ਇਹ ਜਾਣਕਾਰੀ ਅਤੇ ਪੜ੍ਹਾਈ ਦੀਆਂ ਲੋੜਾਂ ਦੀ ਜਾਣਕਾਰੀ ਸਕੂਲ ਨੂੰ ਦਿੱਤੀ ਜਾਵੇ, ਲੇਕਿਨ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਹ ਠੀਕ ਨਹੀਂ ਕਿ ਮਾਪੇ ਸਕੂਲ ਤੋਂ ਇਹ ਮੰਗ ਕਰਨ ਕਿ ਓਹਨਾਂ ਦਾ ਬੱਚਾ ਸਿਰਫ ਫਲਾਣੀ ਕਲਾਸ ਵਿੱਚ, ਫਲਾਣੇ ਅਧਿਆਪਕ ਨਾਲ ਹੀ ਠੀਕ ਰਹੇਗਾ ।

ਆਮ ਤੌਰ ਓਪਰ, ਜੂਨ ਦੇ ਮਹੀਨੇ ਵਿੱਚ ਆਓਂਦੇ ਸਾਲ ਦੀਆਂ ਕਲਾਸਾਂ ਬਾਰੇ ਸਕੂਲ ਦੇ ਕਰਮਚਾਰੀ ਮੀਟਿੰਗਾਂ ਨਿਯੁਕਿਤ ਕਰਦੇ ਹਨ ਅਤੇ ਕਲਾਸਾਂ ਦੀ ਇੱਕ ਅਸਥਾਈ ਸੂਚੀ ਤਿਆਰ ਕਰ ਲੈਂਦੇ ਹਨ । ਸਤੰਬਰ ਵਿੱਚ ਇਹ ਸੂਚੀ ਕਈ ਤਰਾਂ ਦੇ ਤਬਾਦਲਿਆਂ ਦਾ ਕਾਰਨ ਬਣ ਜਾਂਦੀ ਹੈ ਕਿਓਂਕਿ ਕਈ ਵਾਰ ਪ੍ਰੀਵਾਰ ਸਕੂਲ ਬਦਲ ਲੈਂਦੇ ਹਨ ਜਾਂ ਘਰ ਬਦਲ ਲੈਂਦੇ ਹਨ । ਕਿਓਂਕਿ ਸਤੰਬਰ ਵਿੱਚ ਹਰ ਕਲਾਸ ਵਿੱਚ ਤਬਦੀਲੀ ਆਓਂਦੀ ਹੈ, ਸਕੂਲ ਵਲੋਂ ਅਕਸਰ ਕਹਿ ਦਿੱਤਾ ਜਾਂਦਾ ਹੈ ਕਿ ਕਲਾਸਾਂ ਪੱਕੀਆਂ ਨਹੀਂ ਹੋਈਆਂ ਅਤੇ ਬਦਲਣ ਦੀ ਸੰਭਾਵਨਾ ਹੈ ।

ਕਈ ਵਾਰ ਬੱਚੇ ਨਵੀਂ ਕਲਾਸ ਵਿੱਚ ਦਰਜ ਹੋਣ ਤੋਂ ਖੁਸ਼ ਨਹੀਂ ਹੁੰਦੇ ਅਤੇ ਇਹ ਜ਼ਰੂਰੀ ਹੈ ਕਿ ਮਾਪੇ ਓਹਨਾਂ ਨੂੰ ਇਹ ਸਾਰੀ ਕਾਰਵਾਈ ਸਮਝਾਓਣ। ਦੇਖਣ ਵਿੱਚ ਆਇਆ ਹੈ ਕਿ ਇੱਕ ਦੋ ਹਫਤੇ ਤੋਂ ਬਾਅਦ ਬੱਚੇ ਬਿਲਕੁਲ ਤਸੱਲੀ ਨਾਲ ਨਵੀਂ ਕਲਾਸ ਵਿੱਚ ਚਲ ਪੈਂਦੇ ਹਨ ਅਤੇ ਪਹਿਲਾਂ ਵਾਲੇ ਇੱਕ ਦੋ ਦਿਨ ਯਾਦ ਵੀ ਨਹੀਂ ਰਹਿੰਦੇ । ਇਸ ਅਦਲਾ ਬਦਲੀ ਵਿੱਚ ਮਾਪਿਆਂ ਦੇ ਸਮਝਣ ਅਤੇ ਸਮਝਾਓਣ ਨਾਲ ਬਹੁਤ ਮਦਦ ਮਿਲਦੀ ਹੈ ।

ਸਾਡੀ ਮਾਪਿਆ ਅੱਗੇ ਬੇਨਤੀ ਹੈ ਕਿ ਨਵੀਆਂ ਕਲਾਸਾਂ ਬਣਨ ਅਤੇ ਦਰਜ ਹੋਣ ਦੇ ਦੌਰਾਨ, ਬੱਚਿਆਂ ਨੂੰ ਹੌਸਲਾ ਦੇਣਾ ਸਭ ਲਈ ਵਧੀਆ ਸਾਬਿਤ ਹੋਏਗਾ । ਕਲਾਸਾਂ ਬਣਾਓਣ ਲਈ ਸਕੂਲ ਵਿੱਚ ਬਹੁਤ ਸਮਾਂ ਸਾਰੇ ਕਰਮਚਾਰੀ ਕਾਫੀ ਸੋਚ ਵਿਚਾਰ ਲਈ ਲਾਓਂਦੇ ਹਨ । ਓਹਨਾਂ ਦੇ ਫੈਸਲੇ ਬਹੁਤ ਹੀ ਸ਼ਰਤਾ ਓਪਰ ਨਿਰਭਰ ਹੁੰਦੇ ਹਨ ਅਤੇ ਬੱਚਿਆਂ ਦੀ ਬੇਹਤਰੀ ਲਈ ਹੀ ਲਏ ਜਾਂਦੇ ਹਨ ।